੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਨਾਮਧਾਰੀ ਪ੍ਰਕਾਸ਼

ਭਾਵ

ਭਾਈ ਗਜਾਨ ਸਿੰਘ ਜੀ ਗਜਾਨੀ ਦੇ ੨੯ ਕਵਿੱਤ ਜਿਨ੍ਹਾਂ ਵਿਚ ਆਪ ਨੇ ਨਾਮਧਾਰੀ ਪੰਥ ਦੇ ਪ੍ਰਕਾਸ਼ ਦਾ ਅਤਯੰਤ ਹੀ ਸੰਖੇਪ ਮਾਤ੍ਰ ਵਰਨਨ ਕੀਤਾ ਹੈ ਇਹ ਕਵਿਤ ਪੰਥ ਪ੍ਰਕਾਸ਼ ਸੰ: ੧੯੪੬ ਬਿ: ਵਿਚੋਂ ਹੂ ਬਹੂ ਉਤਾਰ ਕੇ ਭਾਈ ਨਿਧਾਨ ਸਿੰਘ "ਆਲਿਮ" ਨੇ ਪੰਥ ਦੇ ਲਾਭ ਅਰਥ

ਕ੍ਰਿਪਾ ਸਿੰਧ ਜੀ ਤੇ ਸੱਸ਼ ਸਿੱਖਾਂ ਉਚਾਰੀ ।

ਕਰੋਂ ਪੰਥ ਸੰਗਿਆ ਅਸੰ ਨਾਮਧਾਰੀ॥ ਬਾ: ਬਿ: ਪੰ: ੧੦ ।

INDIA OFFICE

"ਸ੍ਰੀ ਚੰਦ੍ਰ ਪ੍ਰੈਸ" ਅਮ੍ਰਿਤਸਰ ਵਿਚ ਸ੍ਵਾਮੀ ਸੰਤੋਸ਼ਾ ਨੰਦ ਜੀ ਮੈਨੇਜਰ ਅਤੇ (ਪ੍ਰਿੰਟ੍ਰ) ਦੇ ਪ੍ਰਬੰਧ ਨਾਲ ੧ ਫੱਗਣ ਸੰ: ੧੯੭੯ ਬਿ: ਨੂੰ ਛਪਵਾਕੇ ਪ੍ਰਕਾਸ਼ਿਤ ਕੀਤੇ

ਪਹਿਲੀਵਾਰ ੧੦੦੦

੧ ੴ ਸਤਿਗੁਰਪ੍ਰਸਾਦਿ ॥

# ਅਥ ਨਾਮ ਧਾਰੀ ਪ੍ਰਕਾਸ਼

॥ ਕਬਿੱਤ ॥

ਪੰਥ ਖਾਲਸੇ ਮੈਂ ਏਕ ਸਾਖ ਕੂਕੇ ਸਿੰਘਨ ਕੀ,
ਤੀਸਕ ਬਰਸ ਤੇ ਜੋ ਬਿਦਤੇ ਮਹਾਨ ਹੈਂ ।
ਸਬਦ ਕੀ ਮਸਤੀ ਮੇਂ ਹਾਲ ਤੇ ਬੇਹਾਲ ਹੋਇ,
ਸਿਰ ਤੇ ਉਤਰ ਜਾਤ ਦਸਤਾਰ ਤਾਨ ਹੈਂ ।
ਸਹੀਨਾਮਨਾਮਧਾਰੀ ਆਹਿ ਤ੍ਰਿਨ ਕਾ ਉਦਾਰੀ;
ਕੂਕ ਮਾਰਨੇ ਤੇ ਕੂਕੇ ਜਗਤ ਬਖਾਨ ਹੈਂ ।
ਏਕ ਦਸਤਾਰ ਕੇ ਉਤਾਰ* ਬਿਨ ਔਰ ਰੀਤ,
ਚਾਹੀਯਤ ਜੈਸੀ ਤੈਸੀ ਉਨ ਮੈਂ ਪ੍ਰਧਾਨ ਹੈਂ ॥ ੧ ॥
ਭਏ ਕੂਕੇ ਜੈਸ ਅਬ ਸੁਨ ਲੇਹੁ ਤੈਸ ਸਭ,
ਰਾਜ ਸਿੰਘੀ ਥੈਸ ਜਬ ਦੇਸ ਏਸ ਸਾਵਤੈਂ ।

[ਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਧਾਰਨਾ]

ਅਟਕ ਦਰਯਾਉ ਤਟਿ ਛੋਈ ਨਾਮ ਗ੍ਰਾਮ ਮਾਹਿੰ,
ਪੋਠੋਹਾਰ ਦੇਸ ਮਾਹਿੰ ਸਮ ਅਮਰਾਵ ਤੈਂ ।
ਸੰਮਤ ਅਠਾਰਾਂ ਸੌ ਛਿਪੰਜਾ ਮੈਂ ਬਾਲਕ ਸਿੰਘ,
ਭਯੋ ਅਵਤਾਰ ਤਾਹਿੰ ਈਸ ਅੰਸ ਭਾਵ ਤੈਂ

---

* ਇਹ ਗਜ਼ਾਨੀ ਜੀ ਦੀ ਅਪਣੀ ਟੀਕਾ ਟਿਪਣੀ ਹੈ ਕਿਉਂਕਿ ਓਹ ਸੂਤ੍ਰ (ਮਸਤੀ) ਨੂੰ ਨਹੀਂ ਮਨਦੇ ਸਨ ।

Sri Satguru Jagjit Singh Ji eLibrary NamdhariElibrary@gmail.com

ਜਾਤ ਕਾ ਅਰੋੜਾ ਭਯੋ ਭਗਤ ਅਮੋੜਾ,
ਨਾਮ ਜਪਯੋ ਨ ਥੋੜਾ ਛੋੜਾ ਵਿਸ਼ੇ ਰਸ ਯਾਵਤੈਂ ॥੨
ਨਾਮ ਸਿੰਘ ਬਾਲਕ ਪੈ ਪਾਲਕ ਪੈਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਯਾਗੀ ਹੈਂ।
ਤਾਲਕ ਰਖੈ ਹੈਂ ਏਕ ਖਾਲਕ ਸੈ ਸਾਲਕ ਸੋ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ,
ਸਜਮਤ ਭਗਤ ਵਿਰਕਤ ਅਦਾਗੀ ਹੈਂ।
ਕੀਰਤਨ ਕਥਾ ਸਤਸੰਗ ਜਥਾ ਜੋਗ ਤਥਾ,
ਰਾਖ ਤਥਾ ਭਾਖ ਤਥਾ ਭਜਨ ਸਜਾਗੀ ਹੈਂ ॥ ੩ ॥

[ਹਜ਼ਰੋ ਸਾਹਿਬ ਮੇਂ ਵਸਨੀਕ ਹੋਣਾ]

ਸੰਮਤ ਪਚਾਸੀਏ ਮੈਂ ਹਜ਼ਰੋ ਗ੍ਰਾਮ ਮਾਹਿੰ,
ਭਾਈ ਤਾਹਿ ਕੇ ਦੁਕਾਨ ਆਇ ਤਹਾਂ ਜੁ ਕਈ।
ਯਾਹਿੰ ਹਿਤ ਬਾਲਕ ਮ੍ਰਿਗੇਸ਼ ਭੀ ਬਸੇ ਸੁਤਹਾਂ,
ਆਇਕੈ ਨਿਵਾਸ ਕੀਨ ਕ੍ਰਿਤ ਕਰਕੇ ਖਈ।
ਤਾਹਿੰਕੇ ਪ੍ਰਤਾਪ ਕਰ ਹਜਰੋ ! ਅਮਾਪੰ ਵਰ,
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ।
ਭਏ ਲੋਗ ਬਡਭਾਗੀ ਭਗਤੀ ਮੈਂ ਮਤ ਪਾਗੀ,
ਸੰਤ ਸੰਗ ਮਾਹਿੰ ਜਾਗੀ ਸੰਤ ਸੇਵਹੂ ਠਈ ॥ ੪ ॥

Sri Satguru Jagjit Singh Ji eLibrary NamdhariElibrary@gmail.com

[ਗੁਰੂ ਬਾਲਕ ਸਿੰਘ ਜੀ ਨੂੰ ਅਕਾਸ਼ ਬਾਣੀ ਹੋਣੀ]

ਬਾਲਕ ਮ੍ਰਗੇਸ਼ ਤੇ ਵਸ਼ੇਸ਼ ਉਪਦੇਸ਼ ਨਾਮ, ਯਦੀ-
ਨਰ ਨਾਰੀ ਲੈ ਅਪਾਰੀ ਭਵ ਤੇ ਤਰੇ।
ਔਰ ਇਲਹਾਮ ਕਈ ਬਾਰ ਕਰਤਾਰ ਦਯੋ,
ਨਾਮ ਦੈ ਉਧਾਰ ਕਰ ਜੀਵਨ ਕਾ ਤੂੰ ਖਰੇ।
ਐਪੈ ਗੁਰ ਦਸਮ ਦਰਸ ਦੈ ਜੋ ਕਹਿਓ ਤਾਹਿ,
ਮੇਰੋ ਅਵਿਤਾਰ ਐਸ ਰਾਮ ਸਿੰਘ ਹ੍ਵੈ ਭਰੇ।
ਯਾਹਿ ਹਿਤ ਤਾਹਿ ਨਾਹਿ ਔਰ ਕਾਹਿ ਮਾਹਿ ਨਿਜ,
ਸਕਤਰਖਾਈ ਗੁਰ ਵਾਕ ਦਿਢ ਥੇ ਧਰੇ॥ ੫॥

[ਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਨਾ]

ਸੋਈ ਨੇਤ ਫੁਰੀ ਆਇ ਸੰਮਤ ਬਹੱਤ੍ਰੇ ਮੇਂ,
ਮਾਘ ਸੁਦੀ ਪੰਚਮੀ ਸਵੇਰੇ ਗੁਰਵਾਰ ਕੈ।
ਜਿਲੇ ਲੁਦਿਹਾਣੇ ਗਾਮ ਭੈਣੀ ਨਾਮ ਜਾਣੇ ਆਮ,
ਅਵਤਰੈ ਸਿੰਘ ਰਾਮ ਕਲਮਲੈ ਟਾਰ ਕੈ।
ਜਾਤ ਤਰਖਾਨ ਜਸੇ ਨਾਮ ਕੇ ਅਵੱਸੇ ਘਰ,
ਸੱਦਾਂ ਮਾਤ ਸੇ ਪ੍ਰਕਾਸੇ ਨਾਮ ਪ੍ਰਚਾਰ ਕੈ।
ਬਾਲਕ ਹੀ ਪਨਸੇ ਥੇ ਈਸ਼੍ਵਰ ਕੋ ਮਨਸੇ ਥੇ,
ਧਯਾਵਤੇ ਸਗਨ ਸੇ ਥੇ ਜਨੋ ਕੇ ਸੁਧਾਰ ਕੈ॥ ੬॥
ਬਡੇ ਥਾਇ ਜਾਇਕੈ ਲਾਹੌਰ ਪਲਟਨ ਮਾਹਿ,
ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈਂ।

Sri Satguru Jagjit Singh Ji eLibrary NamdhariElibrary@gmail.com

ਬਾਣੀ ਗੁਰੂ ਕੀ ਪਢੈ ਹੈਂ ਭਜਨ ਕਰੈ ਹੈਂ ਚੈਹੈਂ,
ਰਹਿਨੋਂ ਇਕੰਤ ਚੈਹੈਂ ਆਜ਼ਜੋਂ ਕੋ ਬਿਤ ਹੈਂ।
ਸੰਮ਼ਤ ਅਠਾਰਾਂ ਸੈ ਅਠਾਨਵੇਂ ਮੇਂ ਪਲਟਨ,
ਗਈ ਥੀ ਸੁ ਹਜਰੋ ਮੈਂ ਰਾਜ ਕਾਜ ਹਿਤ ਹੈਂ।
ਸੰਤਨ ਕੋ ਮਿਲਬੇ ਕਾ ਸ਼ੌਕ ਥਾ ਮਹਾਨ,
ਰਾਮ ਸਿੰਘ ਦਰਸਾਤੋ ਯਾਂਤੇ ਜਾਇ ਜਿਤ ਕਿਤ ਹੈਂ ॥੭
ਬਾਲਕ ਮ੍ਰਿਗੇਸ਼ ਕਾ ਬਸ਼ੇਸ ਜਸ ਸੁਨ ਸੋਊ,
ਕੋਕਲ ਬਤਕ ਸੁਤ ਸਮ ਹੁਲਸਾਇਕੈ।
ਪਰਾ ਪੁੰਨਜਪੁੰਜ ਜਾਗਜੋ ਰੰਗਨਮੈਂ ਖੂਬ ਰਾਂਗਜੋ,
ਬਡਭਾਗੀ ਪ੍ਰੇਮ ਜਾਗਜੋ ਗਹੇ ਪਗ ਜਾਇਕੈ।
ਪੇਖ ਅਧਿਕਾਰੀ ਈਸ ਅੰਸ ਅਵਿਤਾਰੀ ਤਬ,
ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਇਕੈ।
ਸਾਰ ਚਾਰ ਬੇਦਨ ਕੋ ਭੂਮ ਭੇਦ ਛੇਦਨ ਕੋ,
ਦਾਇ ਨਿਰਵੇਦਨ ਕੋ ਦੋਖ ਦੁਖ ਘਾਇਕੈ ॥ ੮ ॥
ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਹਿੰ ਸਮ ਔਰ ਨਾਂ ਦਰਾਜ ਫਲ ਦਾਇਕੈ।
ਕੋਊ ਜੋ ਕਹਿਤ ਬੇ ਕਲਾਮ ਦੀਨੀ ਸਯਦਾਨੀ,
ਸੋਊ ਸਭ ਕੂਰ ਹਮ ਪੇਖਯੋ ਅਜਮਾਇਕੈ।
ਏਹੀ ਕਲੀ ਕਾਲਕੀ ਕੁਰਾਲਤਾ ਕੁਚਾਲਤਾ ਕੋ,
ਗਾਲਤਾ ਹੈ ਟਾਲਤਾ ਚੁਰਾਸੀ ਜੋਨ ਆਇਕੈ।

Sri Satguru Jagjit Singh Ji eLibrary NamdhariElibrary@gmail.com

ਏਸਹੀ ਭਜਨ ਮਾਹਿੰ ਰਾਮ ਸਿੰਘ ਸਉ ਛਾਹਿ,
ਲਾਈ ਲਿਵ ਅਧਕਾਇ ਰਸਨਾਂ ਹਿਲਾਇਕੈ॥੯॥
ਕਾਰ ਬਾਰ ਜਗਕੇ ਅਸਾਰ ਲਖ ਡਾਰ ਸਭ,
ਬਾਰ ਸੁ ਅਚਾਰ ਔ ਵਿਚਾਰ ਵੀਚ ਰਹਿ ਹੈਂ।
ਮਸਤ ਸ਼ਰਾਬੀ ਜਿਉਂ ਰਹਾਬੀ ਬ੍ਰਿਤ ਏਕ ਰਸ,
ਦਾਬੀ ਦਲਗੀਰੀ ਫਾਬੀ ਖੁਸੀ ਤੇ ਅਚਹਿ ਹੈਂ।
ਰੋਧ ਕਰ ਇੰਦਰੀ ਨਿਰੋਧ ਮਨਕੋ ਪ੍ਰਬੋਧ,
ਸ਼ੋਧ ਸ਼ੁਧ ਠੌਰ ਨਦੀ ਸਰ ਤਟ ਬਹਿ ਹੈਂ।
ਜੀਹ ਨਾਮ ਜਪ ਮਾਹਿੰ ਤਨ ਤਾਯੋ ਤਪ ਮਾਹਿੰ,
ਮਨ ਮਹਿਬੂਬ ਮਾਹਿੰਖੂਬ ਰਾਖਯੋ ਗਹਿਹੈ॥੧੦॥

[ਗੁਰੂ ਰਾਮ ਸਿੰਘ ਜੀ ਨੂੰ ਅਕਾਸ਼ ਬਾਣੀ]

ਬੀਸਕ ਬਰਸ ਜਬ ਸਰਸ ਬਿਤਾਇ ਐਸ,
ਬੰਦਗੀ ਜੁਹੱਦ ਜਾਪ ਕੀਨੋਂ ਮਨ ਲਾਇਕੈ।
ਦਾਸੀ ਜੋਊ ਨਾਮਕੀ ਪ੍ਰਕਾਸ਼ੀ ਰਿਧ ਸਿਧ ਸੋਊ,
ਭਾਸੀ ਬਾਣੀ ਮੈਂ ਤਸੀਰ ਭਜਨ ਪ੍ਰਭਾਇਕੈ।
ਭਈ ਤੋ ਅਕਾਸਬਾਨੀ ਖਾਸ ਯੌਂ ਮਹਾਨੀ ਤਾਹਿੰ,
ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇਕੈ।
ਪੰਥ ਗੁਰ ਦਸਮ ਕੀ ਰਸਮ ਬਢਾਓ ਜਗ,
ਖਸਮਕਾ ਖਾਲਸਾ ਹੈ ਖਾਸ ਯੋ ਲਖਾਇਕੈ॥੧੧॥

Sri Satguru Jagjit Singh Ji eLibrary NamdhariElibrary@gmail.com

[ਸਤਿਜੁਗ ਆ ਗਿਓ]

ਪਾਇ ਇਹ ਹੁਕਮ ਪ੍ਰਮੇਸ਼ ਕਾ ਬਸੇਸ ਫਿਰ,
ਰਾਮ ਮਿਰਗੇਸ ,ਉਪਦੇਸ ਦੈਨ ਲਾਗਿਓ।
ਹੁਕੇ ਛੁਡਵਾਇ ਰਖਵਾਇ ਕੇਸ ਮੋਨਿਓਂ ਕੇ,
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।
ਫੈਲਿਓ ਜਸਭਾਰੀ ਸਿਖਥੀਏ ਤਾਹਿੰਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠਗੀ ਤਜ ਥੀਏ ਸੰਤ ਸਤਿਜੁਗ ਆਗਿਓ॥੧੨॥
ਕਰਤੋ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ,
ਤਾਂਤੇ ਨਫਾ ਪਾਏ ਜੋਊ ਆਪ ਪੈਹਨੇ ਖਾਇ ਹੈ।
ਸੰਗਤ ਅਪਾਰ ਆਵੈ ਦੂਰ ਤੇ ਰਹਾਵੈ ਭੀਰ,
ਪੂਜਾ ਜੋ ਚੜ੍ਹਾਵੈ ਸੋ ਤੋ ਲੰਗਰ ਮੈਂ ਪਾਇ ਹੈ।
ਲੈ ਹੈ ਜੋਊ ਨਾਮ ਆਇ ਸੋਊ ਤੋ ਮਸਤ ਥਾਇ,
ਦਸਤਾਰ ਡਾਰ ਦਾਇ ਹਾਲ ਚਢ ਜਾਇ ਹੈ।
ਦੇਤ ਭੇਤ ਨਾਹਿ ਕਾਹਿ ਕਬੀ ਦੂਸਰੇ ਕੋ ਵਾਹਿ,
ਯਾਹਿ ਤੇ ਕਲਾਮ ਬਹੁ ਲੋਗ ਸੁਬਤਾਇ ਹੈ॥੧੩॥

[ਤਿੰਨ ਲਖ ਨਾਂਮਧਾਰੀ]

ਦੇਸਨ ਮੇਂ ਧੂਮ ਮਾਚੀ ਸਾਚੀ ਇਮ ਤਾਹਿੰ ਤਬ,
ਆਵੈਂ ਲੋਗ ਸਿਖ ਥਾਵੈਂ ਅਜਮਾਵੈਂ ਤੈ ਸਹੀ।

Sri Satguru Jagjit Singh Ji eLibrary NamdhariElibrary@gmail.com

ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈ ਅਪਾਰ,
ਬੀਏ ਸਿਖ ਬੇਸ਼ੁਮਾਰ ਤੀਨ ਲਾਖ ਐ ਸਹੀ।
ਸੂਬੇ ਕੀਨੇ ਬਾਈ ਤਿਨ ਅਕਬਰਸ਼ਾਹ ਨਜਾਈ,
ਉਨਕੀ ਜਬਾਨ ਮੈਂ ਤਸੀਰ ਥਾਈਂ ਵੈ ਸਹੀ।
ਨਰ ਨਾਰ ਸ਼ਬਦ ਅਪਾਰ ਪਢੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧ ਜੋਟੀਆਂ ਅਛੈ ਸਹੀ॥੧੪॥
ਹਮਨ ਕਰੈ ਹੈਂ ਭੋਗ ਗ੍ਰੰਥ ਜੀ ਕੇ ਪੈ ਹੈਂ ਬਹੁ,
ਸੰਗਤੋਂ ਕੇ ਕੱਠ ਥੈ ਹੈ ਰੈ ਹੈ ਰਚਨਾਂ ਲਗੀ।
ਇਸਨਾਂਨ ਕਰ ਹੈ ਸਕੇਸ ਵੇਸ ਰਾਤ ਹੀ ਤੇ,
ਵਾਹਿਗੁਰੂ ਨਾਮ ਮਾਹਿ ਰਾਖੈਂ ਰਸਨਾ ਪਗੀ।
ਰਾਖ ਹੈਂ ਪੁਸ਼ਾਕ ਪਾਕ ਸੁਕਲ ਊਰਣ ਮਾਲ,
ਕਛ ਕੜਾ ਕੂਦ ਮੂਦ ਨਾਰ ਸਭ ਜੇਤਗੀ।
ਬਿਨਾਂ ਨਾਂਮਧਾਰੀ ਅੰਨ ਜਲ ਰੋਟੀ ਬੇਟੀ ਵਾਰੀ,
ਸਾਂਝ ਰਾਖ ਹੈਂ ਨ ਕਾਹੂੰ ਸੰਗ ਜਗ ਮੈ ਸਗੀ॥੧੫॥
ਦੇਵਥਾਨ ਤੀਰਥ ਪੁਰਾਨ ਸਾਧ ਬਿਪ੍ਰੋਂ ਕੋ,
ਮਾਨ ਹੈ ਨਾ ਦਾਨ ਪੁੰਨ ਦੇਤ ਔਰ ਕੋ ਕਬੀ।
ਆਪਸ ਮੈਂ ਦੇਤ ਲੇਤ ਹੈਂ ਸਹੇਤ ਸਾਕ ਨਾਤਾ,
ਰਾਜ ਲੈਨ ਕੇਰੀ ਇਛਾ ਮਨ ਸਬ ਕੇ ਫਬੀ।
ਮਰਣੈਂ ਔ ਪਰਣੈਂ ਮੇਂ ਬਿਪ੍ਰੈ ਬੁਲਾਵੈ ਨਾਹਿੰ,
ਆਨੰਦ ਪੜ੍ਹਾਵੈਂ ਰੀਤ ਗੁਰ ਘਰ ਕੀ ਲਭੀ।

ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ ਧੀਰ,
ਜਾਨੈ ਜੋ ਬਖਾਨੈ ਵਹਿ ਸੋਊ ਮਾਨ ਹੈਂ ਸਭੀ ॥੧੬॥
ਹੇਰ ਏਹੁ ਚਾਲ ਥੀਏ ਬਿਪ੍ਰ ਬਿਸਾਲ ਦੁਖੀ,
ਨਿੰਦਯਾ ਉਚਾਰੇਂ ਹਿੰਦੂ ਤੁਰਕ ਅਪਾਰੇ ਹੈਂ।
ਕਾਰਨ ਦਰਸ ਗੁਰ ਦੁਆਰਨ ਸਿਧਾਰਨ ਜੋ,
ਸ਼ਬਦ ਉਚਾਰਨ ਡਾਰਨ ਦਸਤਾਰੇ ਹੈਂ।
ਹੇਰਕੈ ਪੂਜਾਰੇ ਭਾਰੇ ਦੁਖ ਹ੍ਵੈ ਉਚਾਰੈ ਗਾਰੇਂ,
ਸ਼ਰਾ ਮਨਵਾਹਿ ਵਾਹਿ ਉਨਕੀ ਨ ਧਾਰੇ ਹੈਂ।
ਯੌਹੀਂ ਰੈਹੈ ਰੌਰਾ ਗੌਰਾ ਕੂਕਿਓਂ ਕਾ ਦੇਸਨ ਮੈਂ,
ਬਾਢੇ ਅਤ ਭਾਰੇ ਹਿੰਦੂ ਤੁਰਕਨ ਤੇ ਨਯਾਰੇ ਹੈਂ।
ਰਾਮ ਸਿੰਘ ਜਾਇ ਜਿਤ ਸਿਖ ਹ੍ਵੈਂ ਹਜਾਰੋਂ ਤਿਤ,
ਭੇਟ ਦੇਤ ਹੈ ਅਮਿਤ ਦੀਨ ਬੋਲ ਬੈਨ ਹੈਂ।
ਦਮਦਮੇ ਸਾਹਿਬ ਮੁਕਤਸਰ ਮੇਲਿਓਂ ਪੈ,
ਗਯੋ ਜਬ ਬਯੋ ਦਲ ਤਾਹਿੰ ਸੰਗ ਐਨ ਹੈਂ।
ਹੇਰ ਕੈ ਅਰੂਜ ਤੇ ਨਮੂਜ ਤਬ ਤਾਹਿ ਬਡ,
ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।
ਡਿਪਟੀ ਕਮਿਸ਼ਨਰ ਕੋਟਵਾਲ ਠਾਣੇਦਾਰ,
ਰੈ ਹੈ ਪੇਸ਼ਵਾਈ ਮਾਹਿੰ ਤਾਹਿੰਕੇ ਸਸੈਨ ਹੈਂ॥੧੮॥
ਅਦਬ ਹਿਫਾਜ਼ਤ ਇਨਤਜ਼ਾਮ ਰਾਖੇ ਵਾਹਿੰ,
ਲੋਗ ਨਿਜ ਨਿਜ ਮਨ ਭਾਏ ਬੋਲਬੋ ਕਰੈਂ।

Sri Satguru Jagjit Singh Ji eLibrary NamdhariElibrary@gmail.com

ਰਾਮਸਿੰਘ ਚਾਹਿ ਇਤਫ਼ਾਕ ਅਰਦਾਸ ਥਾਇ,
ਬਢ ਹੈ ਪ੍ਰਤਾਪ ਪੰਥ ਰੀਤ ਏਸ ਸੋ ਭਰੈਂ ।
ਪ੍ਰਸਾਦ ਭੇਟ ਲੈਕੇ ਗਯੋ ਜਬ ਗੁਰਦੁਆਰੇ,
ਮਿਲਕੇ ਪੁਜਾਰੀਓਂ ਨੇ ਕਹਿਓ ਐਸ ਹੂ ਖਰੈ ।
ਤਾਲ ਪੱਕਾ ਕਰਵਾਇ ਦੇਹੁ ਤਨ ਖਾਹਿ ਏਹੁ,
ਦਸਤਾਰ ਉਤੈਨ ਹਾਲ ਕਿਸੀ ਕੋ ਚਰੈ ॥ ੧੯ ॥
ਕਹਯੋ ਰਾਮ ਸਿੰਘ ਉਤੈ ਬਾਤ ਨਾਹਿ ਥਾਤ ਮੈਤੋ,
ਦੈਹੁੰ ਤਨਖਾਹਿ ਕਿਛ ਜਥਾ ਜੋਗ ਜੋ ਰਰਯੋ ।
ਹੁਤੋ ਗੁਰਦੁਆਰੇ ਤੰਬੂ ਸਾਹਿੱਬ ਕਾ ਜੋ ਮਹੰਤ,
ਮੰਗਲ ਮ੍ਰਿਗੇਸ਼ ਤਾਹਿੰ ਪੂਖਬੇ ਕੋ ਯੌਂ ਫਰਯੋ ।
ਧਾਰ ਹੈ ਨ ਕੂਕਾ ਕੋਊ ਕਬੀ ਨੀਲ ਅੰਗ ਰੰਗ,
ਨੀਲਾ ਸਿਰੋਪਾਊ ਰਾਮਸਿੰਘ ਆਗੇ ਲਯਾਧਰਯੋ।
ਯਦੀ ਤਾਹਿ ਸੋਊ ਨਿਜ ਸੀਸ ਪਰ ਧਾਰ ਲੀਓ,
ਤਬੀ ਨ ਪੁਜਾਰੀਓਂਨੇ ਇਤਫ਼ਾਕਹੈ ਕਰਯੋ।੨੦॥
ਐਸ ਹੀ ਅਨੰਦ ਪੁਰ ਗਯੋ ਜਬ ਰੌਰ ਰਹਿਓ,
ਸੰਮਤ ਉਨੀਸ ਬਾਈ ਤੇਈ ਮਧ ਚੰਗ ਹੈ ।
ਦੀਪਮਾਲ ਚੌਬੀ ਸਾਲ ਹੂੰਕੀ ਪਰ ਸੁਧਾ ਸਰ,
ਆਯੋ ਹਾਕਮੋ ਨੇ ਕੀਨੀ ਖਾਤੂ ਸੁਰੰਗ ਹੈ ।
ਉਤ੍ਰਿਓ ਬਹਿਰ ਚਾਟੀ ਪਿੰਡ ਦਰਵਾਜੈ ਹੂ ਤੇ,
ਬੀਸਕ ਹਜਾਰ ਕੂਕਾ ਸਿੰਘ ਬਯੋ ਸੰਗ ਹੈ ।

Sri Satguru Jagjit Singh Ji eLibrary NamdhariElibrary@gmail.com

ਪਰਸਾਦ ਭੇਟਲੈ ਅਪਾਰ ਜਬ ਦਰਬਾਰ,
ਆਯੋ ਤੌ ਪੁਜਾਰੀਓਨੇ ਕੀਨਯੌ ਕੁਢੰਗ ਹੈ॥ ੨੧
ਕੋਈ ਤੋ ਹਜਾਰੋਂ ਹੀ ਰੁਪੱਯਾ ਰਿਸ਼ਵਤ ਮਾਂਗੈ,
ਕੋਊ ਤਨਖਾਹਿ ਚਾਰ ਪਾਂਚ ਲਖ ਮੰਗ ਹੈਂ।
ਹੋਇਕੇ ਮਸਤ ਕੋਊ ਕੂਕਾ ਨ ਉਤਾਰੈ ਪਗ,
ਸਿਖ ਨ ਕਹਾਵੈ ਤੇਰੇ ਧਾਰੇ ਨੀਲ ਰੰਗ ਹੈਂ।
ਕਹਿਓ ਰਾਮ ਸਿੰਘ ਏਹੁ ਬਾਤ ਸਭ ਗੁਰੂ ਵਸ,
ਸਕਤ ਨ ਮੋ ਮੈਂ ਏਤੀ ਫੇਰੋਂ ਮਨ ਢੰਗ ਹੈਂ।
ਤਨਖਾਹਿ ਆਹਿ ਮੋ ਮੈ ਛਤਰ ਬਿਧਾਜੇ ਕੋਊ,
ਲੇਹੁ ਦੰਡਵਾਹਿ ਕਰ ਸਹੀ ਸੈ ਨਿਸੰਗ ਹੈਂ॥੨੨॥
ਬੀਓ ਤਕਰਾਰ ਇਨ ਬਾਤਨ ਪੈ ਭਾਰ ਜਬ,
ਬਢਤੀ ਨਿਹਾਰ ਰਾਰ ਰਾਮ ਸਿੰਘ ਜੂ ਤਬੈ।
ਗੁਰੂਦਵਾਰੇ ਆਗੇ ਬਿਰ ਆਪਹੀ ਅਰਦਾਸ ਕਰ,
ਦੀਓ ਵਰਤਵਾਇ ਪ੍ਰਸਾਦ ਸਭ ਕੋ ਫਬੈ।
ਗਾਵਤੇ ਸਬਦ ਪ੍ਰਦਖਣਾ ਲੈ ਗਏ ਡੇਰੇ ਐਸ,
ਹੀ ਨ੍ਰਿਮਲਯੋਂ ਕੇ ਸਾਥ ਕੀਨ ਇਨਹੈ ਅਬੈ।
ਪੰਥ ਦੂਧ ਮਾਹਿੰ ਕਾਂਜੀ ਡਾਰੀ ਹੈ ਪੁਜਾਰੀਓਂ ਨੇ,
ਮੇਲ ਹੋਨ ਦੇਤ ਨਾ ਸ਼ੁਈ ਮੰਦ ਯੇ ਕਬੈ ॥ ੨੩ ॥

[ਮਾਰਕੇ ਕਸਾਈਆਂ ਕੋ ਗਾਈਆਂ ਬਚਾਈਆਂ]

ਯੱਦਪੇ ਪੁਜਾਰੀ ਥੇ ਬਿਰੋਧੀ ਬਿਨੈ ਕੇਰ ਥਏ,

Sri Satguru Jagjit Singh Ji eLibrary NamdhariElibrary@gmail.com

ਤੌ ਭੀ ਉਭੈ ਪੰਥ ਯੇ ਬਧਾਯੇ ਗੁਰ ਨੇ ਘਨੇ।
ਸੁਨੋ ਅਬ ਧਰਮ ਕੇ ਹੇਤ ਸਿਰ ਦੈਕੇ ਕੂਕੇ,
ਧਰਮੀ ਸ਼ਹੀਦਨ ਮੈ ਗਏ ਜਿਮ ਹੈਂ ਗਨੇ।
ਸੰਮਤ ਉਨੀਸ ਬੀਸ* ਤੀਸ ਕੇ ਵਖਤ ਅਤ,
ਠੌਰ ਠੌਰ ਧੇਨ ਬਧ† ਹੋਨ ਲਾਗੇ ਥੇ ਘਨੇ।
ਦੇਖ ਦੇਖ ਹਿੰਦੂ ਸਭ ਹੋਹਿੰ ਦੁਖਯਾਰੇ ਭਾਰੇ,
ਚਾਹਾ ਜੋਰ ਸਰਕਾਰ ਸੰਗ ਕੋਊ ਨ ਬਨੇ ॥੨੪॥
ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋ ਤਬ,
ਬੁੱਚੜ ਬਿਦਾਰੇ ਹੱਤਯਾਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ,
ਅੰਗ੍ਰੇਜ਼ੋਂ ਗਹਿਕੇ ਦੁਖਯਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਬ ਆਇ ਖੁਦ ਕੂਕੇ ਤਬ,
ਕਾਤਲ ਸਬੂਤ ਆਪ ਥੀਏ ਸਬ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਹਿੰ,
ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ ॥੨੫॥
ਕੂਕੇ ਸਿਖ ਸਾਠਕੁ ਨੇ ਠਾਟਕੇ ਮਰਨ ਨਿਜ,
ਮਾਰਕੇ ਕਸਾਈਆਂ ਕੋ ਗਾਈਆ ਬਚਾਈਆਂ।
ਕੋਟਲੇ ਕੀ ਤੁਰਕਾਨੀ ਤੇ ਪਠਾਨੀ ਫੌਜ ਸਬ,
ਸਿੰਘਨ ਸੇ ਲਰੀ ਇਨ ਮਾਰਕੇ ਹਟਾਈਆਂ।

---

* ਸੰ: ੧੯੨੩ ਬਿ: † ਗਊ ਬਧ

Sri Satguru Jagjit Singh Ji eLibrary NamdhariElibrary@gmail.com

ਫੇਜ ਪਟਿਆਲੇ ਨੇ ਬਿਸਾਲੇ ਜਾਇ ਦਗੇ ਸੰਗ,
ਕਸਮੇਂ ਉਠਾਇ ਲਿਆਇ ਦੀਏ ਪਕਰਾਈਆਂ।
ਉਡੇ ਸੋਊ ਤੋਪੋਂ ਆਗੇ ਅਨੁਰਾਗੇ ਸਬਦੋਂ ਮੇਂ,
ਖੁਸੀ ਹੋਇ ਬਡਭਾਗੇ ਧਰਮ ਹਿਤਾਈਆਂ॥੨੬॥
ਸੂਦਾਰ ਰਾਜੇ ਤੇ ਮੁਸਾਹਿਬ ਸਾਹਿਬ ਬਡੇ,
ਅਚਰਜ ਥੀਏ ਹੇਰ ਕਾਰ ਤਿਨ ਕੇਰ ਪੈ।
ਦੋਸ ਹੀਨ ਓਸ ਸਮੇ ਰਾਮ ਸਿੰਘ ਕੋ ਰੰਗੂਨ,
ਭੇਜ ਦੀਓ ਅੰਗ੍ਰੇਜੈਂ ਖੂਬ ਸੋਚ ਫੇਰ ਪੈ।
ਔਰ ਹੁਤੇ ਸੂਬੇ ਜੋਈ ਕਹੂੰ ਕਹੂੰ ਭੇਜੇ ਤੇਈ,
ਜੋਰ ਤੋਰ ਦੀਓ ਇਸ ਪੰਥ ਕੋ ਬਧੇਰ ਪੈ।
ਰਾਮ ਸਿੰਘ ਜੂਕੀ ਠੌਰ*ਬੁਧ ਸਿੰਘ ਭਾਈ ਤਾਹਿੰ,
ਅਬ ਹੈ ਮਹੰਤ ਕੰਤ ਕੂਕਿਓਂ ਕਾ ਹੇਰ ਪੈ॥੨੭॥
ਰਟਤ ਭਵਾਨੀ ਕੀ ਉਪਾਸ਼ਨਾਂ ਪਠਤ ਬਾਨੀ,
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈ।
ਸੁਕਲ ਬਸਨ ਮਾਲਾ ਸੂਧੀ ਦਸਤਾਰ ਦਾਢੀ,
ਕਰ ਹੈਂ ਹਮਨ ਪਾਠ ਗ੍ਰੰਥ ਗੁਰੂ ਜੂਕੇ ਹੈਂ।
ਦਸਮੇ ਗੁਰੂ ਕੇ ਸਿੰਘ ਸਾਦਕ ਸਹੀ ਹੈਂ ਸਬ,
ਲਾਲਸਾ ਕਮਾਲ ਰਾਜ ਲੈਬੇ ਕੀ ਅਚੂਕੇ ਹੈਂ।

---

*ਅਜ ਕਲ ਮਹਾਂਰਾਜ ਪ੍ਰਤਾਪ ਸਿੰਘ ਜੀ ਗੁਰੂ ਰਾਮ ਸਿੰਘ ਜੀ ਦੀ ਗੱਦੀ ਦੇ ਸੇਵਕ ਹਨ।

Sri Satguru Jagjit Singh Ji eLibrary NamdhariElibrary@gmail.com

ਹੇਰੇ ਜੈਸੇ ਲੱਖਨ ਹੈਂ ਟੇਰੇ ਤੈਸੇ ਗਯਾਨ ਸਿੰਘ,
ਐਸੇ ਪ੍ਰਸਿਧ ਹੀ ਅਬਿਧ ਸਿਖ ਕੂਕੇ ਹੈਂ ॥ ੨੮॥

# ਸਮਾ ਲੋਚਨਾਂ

ਸ੍ਰਬ ਸੰਗਤ ਪ੍ਰਤੀ ਵਿਦੱਤ ਹੋਵੇ ਕਿ ਸ੍ਰੀਮਾਨ ਭਾਈ ਗਜਾਨ ਸਿੰਘ ਜੀ ਗਜਾਨੀ ਪਟਯਾਲਾ ਨਿਵਾਸੀ ਨੇ ਜੋ ਗੁਰੂ ਘਰ ਦਾ ਇਤਹਾਸ "ਪੰਥ ਪ੍ਰਕਾਸ਼" ਬਨਾਯਾ ਹੈ, ਉਹ ਆਪਣਾਂ ਪ੍ਰਮਾਣ ਆਪ ਹੀ ਹੈ। ਭਾਈ ਜੀ ਨੇ ਇਸ ਪੁਸਤਕ ਨੂੰ ਲਿਖਕੇ ਖਾਲਸਾ ਪੰਥ ਤੇ ਅਤਯੰਤ ਹੀ ਉਪਕਾਰ ਕੀਤਾ ਹੈ, ਆਪਨੇ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰਨ ਵਤ ਖਾਲਸਾ ਪੰਥ ਦਾ ਅਕਥਨੀਯ ਵ੍ਰਿਤੰਤ ਇਕ ਰਸਮੀ ਪੁਸਤਕ ਦੇ ਅਕਾਰ ਵਿਚ ਕਲਮ ਬੰਦ ਕੀਤਾ ਹੈ।

ਆਪਦੀ ਇਸ ਕ੍ਰਿਰਪਾਲਤਾ ਦਾ ਧਨਵਾਦ ਜਿਨਾਂ ਵੀ ਕੀਤਾ ਜਾਏ ਥੋੜਾ ਹੈ, ਸ਼ੋਕ ! ਕਿ ਮੈਨੂੰ ਆਪਦੇ ਇਸ ਗ੍ਰੰਥੀ ਦੀ ਪਹਿਲੀ ਐਡੀਸ਼ਨ ਦਾ ਦ੍ਰਸ਼ਣ ਨਹੀਂ ਹੋ ਸਕਿਆ, ਦੂਜੀ ਐਡੀਸ਼ਨ ਦਾ ਜੋ ਸੰਃ ੧੯੪੯ ਵਿਚ ਛਪੀ ਹੈ ਮੈਂ ਦਰਸ਼ਨ ਕੀਤਾ। ਜਿਸਨੂ ਆਦਿ ਥੀਂ ਲੈਕੇ ਅੰਤ ਤਕ ਪੜ੍ਹਕੇ ਮੇਰਾ ਚਿਤ ਅਤੀ ਪ੍ਰਸੰਨ ਹੋਯਾ । ਆਪਨੇ ਪੁਸਤਕਦੇ ਛੇਕੜਲੇ ਭਾਗ ਵਿਚ ਗੁਰੂ ਪੰਥ ਦੀਆ ਪ੍ਰਸਿੱਧ ਸੰਪ੍ਰਦਾਵਾਂ ਦਾ ਸੰਖੇਪ ਜੇਹਾ ਵਰਨਨ ਕਰਕੇ ਅਪਨੀ ਅਪੱਖਛ ਪਾਤੀ ਦਾ ਇਕ ਸਬੂਤ ਦਿਤਾਹੈ। ਅਪਖਪਾਤੀ ਦੁਨਜਾਂ ਦੇ ਵਿਚ ਇਕ ਅਦੁਤੀਜ ਪਦਾਰਥ ਹੈ ਜੋ ਕਿ ਕਿਸੇ ਕਿਸੇ ਗੁਰਮੁਖਦੇ ਹਿੱਸੇ ਔਂਦਾ ਹੈਪਖਪਾਤ ਦੇ ਰੋਗ ਨੇ ਦੁਨਜਾਂ ਨੂੰ ਰੋਗੀ ਕਰ ਰਖਿਆ ਹੈ। ਮਜ਼ਹਬਦੇ ਪਖ ਵਿਚ ਆਕੇ ਆਮ ਲੋਕ ਸਚਾਈ ਦਾ ਕੇਵਲ ਇਸ ਲਈ ਤਜਗ ਕਰ ਦਿੰਦੇ ਹਨ ਕਿ ਦੂਸਰੇ ਮਤ ਦੀ ਉਪਮਾਂਹੋਗਈ ਤਾਂ ਉਨ੍ਹਾਂਦੇ ਅਪਣੇ ਮਤ ਦੀ ਨਜੂਨਤਾ ਦਾ ਕਾਰਨ ਬਣੇਗੀ। ਪ੍ਰੰਤੂ ਇਹ ਕੇਵਲ ਉਨ੍ਹਾਂ ਦੇ ਵਹਿਮ ਦਾ ਨਤੀਜਾ ਹੁੰਦਾ ਹੈ।

ਗ੍ਰੰਥ ਦੇ ਆਦਿ ਵਿਚ ਗਜਾਨੀ ਜੀ ਨੇ ਪਖਪਾਤ ਦੀ ਬੀਮਾਰੀ ਤੋਂ ਪਰੇਡੇ ਰਹਿਣ ਦਾ ਪ੍ਰਣ ਕੀਤਾ ਹੈ। ਜੋ ਕਿ ਅੰਤ ਤਕ ਨਿਬਾਹਿਆ ਹੈ ਮੈਂ ਸਾਰੀ ਪੁਸ ਤਕ ਦੇ ਪ੍ਰਸੰਗਾਂ ਦੀ ਸਮਾਲੋਚਨਾ ਨਹੀ ਕਰ ਰਿਹਾ। ਕਿਉਂਕਿ ਇਹ ਗਲ ਅਸੰਭਵ ਨਹੀ ਕਹੀ ਜਾ ਸਕਦੀ ਕਿ ਕਿਤੇ ਕਿਤੇ ਮੇਰਾ ਤੇ ਗਜਨੀ ਜੀ ਦਾ ਮਤ ਭੇਦ ਹੋਵੇ। ਖਾਸ ਕਰਕੇ ਇਕ ਅਸਥਾਨ ਤੇ ਜਿਥੇ ਭਾਈ ਜੀ ਨੇ ਭਾਈ ਕੇਸਰਾ ਸਿੰਘ ਦੀ ਕਿਸੇ ਸਾਖੀ ਦੇ ਸਲੋਕ ਪਾਏ ਹਨ ਮੈਂ ਉਨ੍ਹਾਂ ਨਾਲ ਸਹਿ ਮੱਤ ਨਹੀ ਹਾਂ। ਪ੍ਰੰਤੂ ਮੈਨੂ ਉਨ੍ਹਾਂ ਦੀ ਨੇਕਨੀਤੀ ਤੇ ਕੋਈ ਇਤ੍ਰਾਜ ਨਹੀਂ . ਅਤੇ ਦੂਜੀ ਗਲ ਇਹ ਵੀ ਗਜਾਨੀ ਜੀ ਨੇ ਸਪਸ਼ਟ ਕਰ ਦਿਤੀ ਹੈ ਕਿ ਉਹ ਸਲੋਕ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੇ ਅਪਨੇਂ ਨ ਹੀ ਹਨ।
ਅਪਾਨੇ ਜੋ ਅਤੇ ਅਤ ਸਿੰਪ੍ਰਦਾਵਾਂ ਦੀਆਂ ਕਥਾ ਲਿਖਕੇ ਆਪਖਪਾਤੀ ਚਾਸਬੂਤ
ਦਿਤਾ ਹੈ ਸ਼ੋਕ ਕਿ ਉਸ ਨੂ ਉਹ ਲੋਕ ਵੇਖਕੇ ਜਰ ਨਹੀ ਸਕੇ ਜਿਨ੍ਹਾਂ ਦੇ ਹੱਕ
ਵਿਚ ਇਹ ਪੁਸਤਕ ਅਜ ਕਲ ਪੁਜ ਚੁਕੀ ਹੈ। ਇਸ਼ ਲਈ ਉਨ੍ਹਾਂ ਨੇ ਵਾਇਖ
ਵਿਚ ਜਦੋਂ ਇਸ ਗ੍ਰੰਥ ਨੂ ਛਾਪਣਾ ਸ਼ੁਰੂ ਕੀਤਾ ਨਾਂਲੋਨਾਲ ਅਸ਼ਲੀ ਪ੍ਰਸੰਗ।
ਜੋ ਮੰਪ੍ਰਦਾਵਾਂ ਦੇ ਸਬੰਧ ਵਿਚ ਪਹਿਲੀ ਤੇ ਦੁਜੀ ਐਡੀਸ਼ਨ ਵਿਚ ਛਪ
ਚੁਕੇ ਸਨ ਘਟ ਵਧੱ ਕਰਨੇ ਸ਼ੁਰੂ ਕਰ ਦਿਤੇ। ਉਦਾਹਰਣ ਅਰਥ ਕੂਕਿਆਂ
ਦੀ ਕਥਾ ਦ੍ਰਿਸ਼ਟੀ ਗੋਚਰ ਹੋਵੇ ੨੯ਕਬਿਤਾਂ ਵਿਚੋ ਕਿਨੇ ਉਡਾਏ ਗਏ ਅਤੇ
ਕਿਨੇ ਵੱਧ ਘਟ ਕੀਤੇ ਗਏ ਹਨ ਮੇਰੇ ਖਯਾਲ ਵਿਚ ਕਾਪੀ ਰਾਇਟ ਦਾ ਹੱਕ
ਰਖਣ ਵਾਲੇ ਸੱਜਣ ਅਜੇਹਾ ਕੰਮ ਕਰਨ ਵਿਚ ਗ੍ਰੰਥ ਕਰਤਾ ਨਾਲ ਦ੍ਰੋਹ ਕਰਦੇ
ਹਨ ਕਿਉਂਕਿ ਕਰਤਾ ਜੀ ਨੇ ਤਾਂ ਹੱਕ ਕੇਵਲ ਪੁਸਤਕ ਦੇ ਛਾਪਣ ਤੇ ਵੇਚਣ
ਦਾ ਦਿਤਾਹੈ ਨਾਂ ਕਿ ਗ੍ਰੰਥ ਦੇ ਅਸਲੀ ਪ੍ਰਸੰਗਾਂਵਿਚ ਅਦਲਾ ਬਦਲੀਆਂ ਕਰਕੇ
ਅਪਣੀ ਨਿਰੱਪਖਤਾਂ ਦਾ।

ਹਛਾ ਇਹ ਤਾਂ ਰਹੀ ਉਨ੍ਹਾਂ ਲੋਕਾਂ ਦੇ ਧਰਮ ਤੇ ਹੁਣ ਮੈਂ ਆਪਣੇ ਪ੍ਰਕਰਣ
ਵਲ ਔਂਦਾ ਹਾਂ।

ਗਯਾਨੀ ਜੀ ਨੇ ੭੧ ਵੇਂ ਵਿਸ਼੍ਰਾਮ ਕੂਕਾ ਪੰਥ ਦੀ ਕਥਾ ਵਿਚ ੨੯
ਕਬਿਤ ਲਿਖੇ ਹਨ।

ਜਿਨ੍ਹਾਂ ਸਬੰਧੀ ਮੈਂ ਪੰਥ ਵਲੋਂ ਆਪਦਾ ਧੰਨਯਬਾਦ ਕਰਦਾ ਹਾਂ। ਪ੍ਰੰਤੂ ਸ਼ੋਕ
ਕਿ ਸਾਡੇ ਸੱਜਣਾਂ ਨੂੰ ਕੂਕਾ ਪੰਥ ਦੀ ਸ਼ਾਨ ਵਿਚ ਕਈਕੁ ਕਬਿਤ ਚੁਭੇ ਹਨ ਜੋ
ਲੋਕਾਂ ਨੂੰ ਧੋਖਾ ਦੇਣ ਅਰਥ ਟਾਇਪ ਦੇ ਗ੍ਰੰਥ ਵਿਚੋਂ ਕੱਢੇ ਗਏ ਹਨ ਤਾਂ ਤੇ
ਮੈਂ ਮੁਨਾਸਬ ਸਮਝਿਆ ਹੈ ਕਿ ਏਨ੍ਹਾਂ ਕਬਿੱਤਾਂ ਨੂੰ ਜੋ ਅਸਲੀ ਹਨ ਇਕ
ਵਖਰੀ ਸੰਚੀ ਦੀ ਸ਼ਕਲ ਵਿਚ ਪ੍ਰਕਾਸ਼ਤ ਕਰ ਦੇਵਾਂ ਕਿਉਂਕਿ ਜੇ ਅਜੇਹਾ ਨਾ
ਕੀਤਾ ਗਿਆ ਤਾਂ ਪ੍ਰਾਚੀਨ ਐਡੀਸ਼ਨਸ ਦੇ ਪੁਸਤਕ ਖਤਮ ਹੋਣ ਦੇ ਪਸਚਾਤ
ਜੋ ਕਿ ਅਜ ਕਲ ਕਿਤੇ ਢੂੰਡਿਆਂ ਹੀ ਲਭਦੇ ਹਨ, ਇਹ ਕਬਿਤ ਗੁੰਮ ਹੋਕੇ
ਗਯਾਨੀ ਜੀ ਦੇ ਉਪਕਾਰ ਨੂੰ ਮਿੱਟੀ ਵਿਚ ਮਿਲਾ ਦੇਣਗੇ। ਇਸ ਲਈ ਇਨ੍ਹਾਂ
ਕਬਿੱਤਾਂ ਦੀ ਹੂ ਬਹੂ ਨਕਲ ਕੀਤੀ ਜਾਂਦੀ ਹੈ, ਪਾਠਕਾਂ ਨੂੰ ਸੂਚਿਤ ਹੋਵੇ ਕਿ
ਕਬਿਤ ਅੰਕ ੧੬ ਵਿਚ ਗਯਾਨੀ ਜੀ ਨੂੰ ਨਾਮਧਾਰੀਆਂ ਸਬੰਧੀ ਕੁਛਕੁ ਭੁਲੇਖਾ
ਲਗਾ ਹੈ ਅਤੇ ਉਹ ਇਹ, ਕਿ "ਦੇਵਥਾਨ ਤੀਰਥ ਪੁਰਾਨ ਸਾਧ ਬਿੱਪ੍ਰੋਂ ਕੋ
ਮਾਨ ਹੈਂ ਨਦਾਨ ਪੁੰਨ ਦੇਤ ਔਰ ਕੋ ਕਭੀ" ਪ੍ਰੰਤੂ ਗੁਰੂ ਰਾਮ ਸਿੰਘ ਜੀ ਨੇ ਦੇਵ-
ਸਥਾਨਾਂ ਤੀਰਥਾਂ ਅਤੇ ਦਾਨ ਦੇਣ ਦੀ ਕਦੀ ਨਿਸ਼ੇਧੀ ਨਹੀਂ ਕੀਤੀ ਸਗੋਂ
ਉਲਟ ਇਸਦੇ ਸਾਧੂਆਂ ਦੀ ਸੇਵਾ ਕਰਨ ਅਤੇ ਅਧਿਕਾਰੀਆਂ ਨੂੰ ਦਾਨ ਦੇਣ

Sri Satguru Jagjit Singh Ji eLibrary NamdhariElibrary@gmail.com

ਤੇ ਆਪਦਾ ਵਸ਼ੇਸ਼ ਜ਼ੋਰ ਸੀ, ਹਾਂ ਇਸ ਗਲ ਵਿਚ ਕੋਈ ਸੰਦੇਹ ਨਹੀਂ ਕਿ ਜਦੋਂ ਗੁਰੂ ਰਾਮ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਵੇਦੀ ਹਵਨ ਸੰਯੁਕਤ ਅਨੰਦ ਵਿਧੀ ਦੀ ਰਸਮ ਪ੍ਰਚਲਤ ਕੀਤੀ ਅਤੇ ਕਰਮਕਾਂਡੀ ਧਰਮਗੱਜ ਅਤੇ ਸ਼ਾਸਤ੍ਰੱਗਜ ਪੰਡਿਤਾਂ ਦੇ ਨਾਲ ਹੁੰਦਿਆਂ ਹੋਇਆਂ ਵੀ, ਹਰ ਇਕ ਰਸਮ ਵਿਚ ਸੁਚ ਸੰਜਮ ਸੋਧ ਅਤੇ ਭਜਨ ਬੰਦਗੀ ਵਾਲੇ ਸਿਖਾਂ ਨੂੰ ਕਾਰਜ ਪੂਰਨਤਾ ਹਿਤ ਨਿਯੁਕਤ ਕਰਕੇ ਸੁਖੈਨ ਮ੍ਰਯਾਦਾ ਰਚ ਦਿਤੀ ਜਿਸ ਕਰਕੇ ਕਈ ਅਨਪੜ੍ਹ ਅਤੇ ਵਿਕਰਮੀ ਬ੍ਰਹਮਣਾਂ ਨੇ ਗੁਰੂ ਜੀ ਦੀ ਅਨੰਦ ਮ੍ਰਯਾਦਾ ਦੇ ਵਿਰੁਧ ਘੋਰ ਅੰਦੋਲਨ ਸ਼ੁਰੂਕਰਦਿਤਾ ਪ੍ਰੰਤੂ ਸਤਿਗੁਰੂ ਕਾਮਯਾਬ ਹੋਏ ਅਤੇ ਬ੍ਰਾਹਮਣ ਚੁਪ ਕਰਕੇ ਬੈਠ ਗਏ । ਇਸ ਕਾਰਨ ਉਸ ਸਮਯ ਨਾਮਧਾਰੀ ਸਿਖਾਂ ਅਤੇ ਬ੍ਰੱਹਮਣਾਂ ਵਿਚ ਕੁਛ ਵੱਟ ਪੈਗਿਆ ਪ੍ਰੰਤੂ ਇਹ ਨਿਰਾ ਹੀ ਕੁਛਕ ਬ੍ਰਾਹਮਣਾਂ ਦੀ ਅਗਜਾਨਤਾ ਦਾ ਸਬੱਬ ਸੀ ਕਿਉਂਕਿ ਗੁਰੂ ਜੀ ਨੇ ਤਾਂ ਸਗੋਂ ਵੈਦਕ ਧਰਮ ਦੀ ਰਖਛਾ ਦਾ ਬੀੜਾ ਉਠਾਯਾ ਸੀ ਅਤੇ ਵਜਾਹ ਵਿਧੀ ਵਿਚ ਕੇਵਲ ਏਨਾਂ ਹੀ ਪ੍ਰੀਵਰਤਨ ਕੀਤਾ ਸੀ ਕਿ ਬੇਦ ਮੰਤ੍ਰਾਂ ਦੀ ਥਾਉਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜੋ ਅਨਪੜ੍ਹ ਜੱਟਾਂ ਅਤੇ ਆਮ ਹਿੰਦੂਆਂ ਦੀ ਸਮਝ ਵਿਚ ਸੁਖੈਨ ਹੀ ਆ ਜਾਂਦੀ ਹੈ, ਪ੍ਰਚੱਲਤ ਕੀਤੀ, ਇਸਦਾ ਇਕ ਹੋਰ ਕਾਰਣ ਇਹ ਵੀ ਸੀ ਕਿ ਜੋ ਲੋਗ ਗੁਰਬਾਣੀ ਅਤੇ ਬੇਦ ਦੇ ਸਿਧਾਂਤ ਨੂੰ ਇਕ ਨਹੀਂ ਸਮਝਦੇ ਉਨ੍ਹਾਂ ਨੂੰ ਦਸਿਆ ਜਾਏ ਕਿ ਵੈਦਕ ਵਿਧੀ ਵਿਚ ਬੇਦ ਮੰਤ੍ਰਾਂ ਦੀ ਥਾਉਂ ਗੁਰਬਾਣੀ ਪੜ੍ਹਨ ਨਾਲ ਕੋਈ ਫਰਕ ਨਹੀਂ ਪੈਂਦਾ।

ਆਲਮ

Sri Satguru Jagjit Singh Ji eLibrary NamdhariElibrary@gmail.com